International Journal of Applied Research 2015; 1(10): 894-896




**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(10): 894-896
www.allresearchjournal.com
Received: 15-07-2015
Accepted: 20-08-2015

**Dr. Rachhpal Singh Uppal**
Guru Nanak Khalsa College,
Abohar, Punjab, India.

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India.

# ਮੋਹਨ ਭੰਡਾਰੀ ਦੀ ਕਹਾਣੀ : ਨਾਰੀ ਚੇਤਨਾ

**Dr. Rachhpal Singh Uppal**

ਮੋਹਨ ਭੰਡਾਰੀ ਆਰਥਿਕ ਤੌਰ ਤੇ ਟੁੱਟੇ ਥੁੜਾਂ ਮਾਰੇ ਪਰਿਵਾਰ ’ਚੋਂ ਉਭਰਿਆ ਸਾਹਿਤਕਾਰ ਹੈ, ਜੋ ਗੁਰਬਤ ਦਾ ਜੂਲਾ ਗਲੋਂ ਲਾਹੁਣ ਨਹੀਂ ਹਮੇਸ਼ਾਂ ਹੀ ਹਲਾਤਾਂ ਨਾਲ ਦੋ ਚਾਰ ਹੁੰਦਾ ਰਿਹਾ ਹੈ। ਉਸਨੇ ਹਿਚਕੋਲੇ ਖਾਂਦੀ ਜ਼ਿੰਦਗੀ ਰੂਪੀ ਗੱਡੀ ਨੂੰ ਅੱਗੇ ਤੋਰਨ ਨਹੀਂ ਪੈਰ-ਪੈਰ ਤੇ ਰਾਹਾਂ ਚ ਪੱਥਰ ਬਣਕੇ ਖੜ੍ਹੀਆਂ ਮੁਸ਼ਕਿਲਾਂ ਨੂੰ ਲਾਂਭੇ ਕਰਨ ਨਹੀਂ ਆਪਣੇ ਬਚਪਨ ਨੂੰ ਵੀ ਦਾਅ ਤੇ ਲਾਉਂਦਿਆ ਰਤਾ ਵੀ ਪ੍ਰਵਾਹ ਨਹੀਂ ਕੀਤੀ। ਭੰਡਾਰੀ ਨੇ ਖੁਦ ਨੇ ਭੁੱਖਾਂ-ਤੇਹਾਂ ਨੂੰ ਜਰਿਆ ਹੈ, ਅਸਾਵੇਂਪਣ ਦੀ ਸਥਿਤੀ ਨੂੰ ਪਿੰਡੇ ਤੇ ਹੰਢਾਉਦਿਆਂ ਉਸਨੇ ਬਚਪਨ ਵਿਚ ਗੋਲਗੱਪੇ, ਬਰਫ਼ ਦੇ ਗੋਲੇ ਤੇ ਸਾਬਣ ਆਦਿ ਵੀ ਪਿੰਡ-ਪਿੰਡ ਜਾ ਕੇ ਵੇਚੇ ਹਨ। ਇਹ ਉਸਦੀ ਮਿਹਨਤ ਦਾ ਹੀ ਨਤੀਜਾ ਸੀ ਕਿ ਉਹ ਪਤਲੀ ਆਰਥਿਕਤਾ ਦੀ ਚੱਕੀ ਵਿਚ ਪਿਸਦਾ ਹੋਇਆ ਵੀ ਕਾਲਜ ਪੱਧਰ ਦੀ ਪੜ੍ਹਾਈ ਪੂਰੀ ਕਰਕੇ ਡਾਇਰੈਕਟਰ ਸਿੱਖਿਆ ਵਿਭਾਗ ਵਿਚ ਕਲਰਕ ਲੱਗ ਗਿਆ ਤੇ ਨਾਲ-ਨਾਲ ਉਹ ਉਚੇਰੀ ਵਿੱਦਿਆ ਦੀ ਪ੍ਰਾਪਤੀ ਨਹੀਂ ਅਤੇ ਸੁਖਾਵੇਂ ਆਰਥਿਕ ਮਾਹੌਲ ਨਹੀਂ ਵੀ ਜੂਝਦਾ ਰਿਹਾ ਹੈ। ਸੋ ਭੰਡਾਰੀ ਦੀ ਸਮੁੱਚੀ ਜ਼ਿੰਦਗੀ ਜੋ ਉਸਦੀ ਮਿਹਨਤ ਮੁੱਸ਼ਕਤ ਅਤੇ ਤਲੀਮ ਦੀ ਹੀ ਪਰਿਕਰਮਾ ਕਰਦੀ ਰਹੀ ਇਹੀ ਉਸਦੀ ਸਾਹਿਤ ਸਿਰਜਣਾ ਦਾ ਬੀਜ਼ ਬਣਕੇ ਵੀ ਫੁੱਟਦੀ ਹੈ।

ਮੋਹਨ ਭੰਡਾਰੀ ਨੂੰ ਸਾਹਿਤਕ ਚੇਟਕ ਵਿਦਿਆਰਥੀ ਜੀਵਨ ਵਿਚ ਹੀ ਲੱਗ ਗਈ ਸੀ ਤੇ ਉਸਦੀ ਪਹਿਲੀ ਕਹਾਣੀ ‘ਅੱਧਵਾਟਾਂ’ 1953 ਵਿਚ ਕਾਲਜ ਮੈਗਜ਼ੀਨ ਵਿਚ ਤੇ ਪਲੇਠਾ ਕਹਾਣੀ ਸੰਗ੍ਰਹਿ ‘ਤਿਲਚੌਲੀ’ 1965 ਵਿਚ ਪ੍ਰਕਾਸ਼ਿਤ ਹੋਇਆ ਸੀ। ਉਸਤੋਂ ਬਾਅਦ ‘ਮਨੁੱਖ ਦੀ ਪੈੜ’ (1968), ‘ਕਾਠ ਦੀ ਲੱਤ’ (1975), ‘ਪਛਾਣ’ (1987), ‘ਮੂਨ ਦੀ ਅੱਖ’ (1993) (ਸਾਹਿਤ ਅਕਾਦਮੀ ਇਨਾਮ ਜੇਤੂ) ਅਤੇ ‘ਗੋਰਾ ਬਾਦਸ਼ਾਹ’ (2004) ਆਦਿ ਕਹਾਣੀ ਜਗਤ ਦੇ ਪਿੜ ਨੂੰ ਹੋਰ ਵੀ ਵਿਸਥਾਰ ਬਖਸ਼ਦੇ ਹਨ।

ਮੋਹਨ ਭੰਡਾਰੀ ਨੇ ਆਪਣੀ ਕਹਾਣੀ ਵਿਚ ਨਹੀਂਆਂ ਬਹੁਤੀਆਂ ਸਮੱਸਿਆਵਾਂ ਨੂੰ ਆਪਣੇ ਪਿੰਡੇ ਉਪਰ ਹੰਢਾਇਆ ਹੀ ਨਹੀਂ ਸਗੋਂ ਉਸਦੇ ਸੰਤਾਪ ਨੂੰ ਵੀ ਭੋਗਿਆ ਹੈ। ਉਸਨੇ ਹਰ ਤਰ੍ਹਾਂ ਦੀ ਭੁੱਖ, ਤੇਹ, ਗਰੀਬੀ ਆਦਿ ਭੋਗੀ ਹੈ ਜਿਸਦਾ ਅਨੁਭਵ ਉਸਦੀਆਂ ਰਚਨਾਵਾਂ ਵਿੱਚ ਅਕਸਰ ਮਿਲਦਾ ਹੈ। ਉਸਨੇ ਪਿੰਡ ਵਿਚ ਰਹਿੰਦਿਆਂ ਨਿਆਂ-ਅਨਿਆਂ ਨੂੰ ਕੇਵਲ ਸੁਣਿਆਂ ਜਾਂ ਵੇਖਿਆ ਹੀ ਨਹੀਂ ਸਗੋਂ ਉਸ ਸਥਿਤੀ ਦਾ ਭੋਗਣਹਾਰ ਵੀ ਰਿਹਾ ਹੈ। ਇਸ ਨਹੀਂ ਹੀ ਉਸਦੀਆਂ ਕਹਾਣੀਆਂ ਮਨੁੱਖੀ ਮਨ ‘ਚ’ ਹੀ ਜੰਮਦੀਆਂ, ਘਟਦੀਆਂ ਤੇ ਮਰਦੀਆਂ ਨਜ਼ਰ ਆਉਂਦੀਆਂ ਹਨ।

ਮੋਹਨ ਭੰਡਾਰੀ ਦੀਆਂ ਬਹੁਤੀਆਂ ਕਹਾਣੀਆਂ ਸਾਡੇ ਪੇਂਡੂ ਸਮਾਜ ਦੇ ਉਸ ਵਰਗ ਦੀ ਪ੍ਰਤੀਨਿਧਤਾ ਕਰਦੀਆਂ ਹਨ ਜੋ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਚ ਫ਼ਸੇ ਨਜ਼ਰ ਆਉਂਦੇ ਹਨ ਜੋ ਆਪਣੀਆ ਮਾਨਸਿਕ ਉਲਝਣਾ ਤੇ ਨਿੱਜੀ ਸਮੱਸਿਆਵਾਂ ਦਾ ਹੱਲ ਪੰਡਿਤਾਂ ਤੇ ਸਾਧਾਂ-ਸੰਤਾਂ ਦੁਆਰਾ ਪਾਏ ਜਾਂਦੇ ਵਹਿਮਾਂ-ਭਰਮਾਂ ਤੇ ਜਾਦੂ-ਟੂਣਿਆਂ ਆਦਿ ਚੋਂ ਲੱਭਦੇ ਹਨ। ਉਸ ਦੀਆਂ ਕਹਾਣੀਆਂ ਸ਼ਹਿਰੀ ਮੱਧ ਸ੍ਰੇਣੀ ਦੇ ਉਨ੍ਹਾਂ ਬਾਬੂ ਕਲਰਕਾਂ ਦੇ ਕਿਰਦਾਰ ਨੂੰ ਵੀ ਨੰਗਿਆਂ ਕਰਦੀਆਂ ਹਨ ਜਿਨ੍ਹਾਂ ਦੀ ਜ਼ਿਦਗੀ ਤਿੜਕੇ ਹੋਏ ਸ਼ੀਸ਼ਿਆਂ ਦੀ ਤਰਾਂ ਹੈ, ਜਿਨ੍ਹਾਂ ਚੋਂ ਦੋ-ਦੋ ਤਸਵੀਰਾਂ ਨਜ਼ਰ ਆਉਂਦੀਆਂ ਹਨ। ਭਾਵੇਂ ਭੰਡਾਰੀ ‘ਮੂਨ ਦੀ ਅੱਖ’ ਤੇ ‘ਪਛਾਣ’ ਕਹਾਣੀ ਸੰਗ੍ਰਿਹਾਂ ਰਾਹੀਂ ਪੰਜਾਬ ਦੇ ਪਿਛਲੇ ਦਹਾਕਿਆਂ ਚ ਵਾਪਰੇ ਪੰਜਾਬ ਸੰਕਟ ਦੇ ਕਾਰਣਾਂ, ਪ੍ਰਭਾਵਾਂ ਨੂੰ ਬੜੀ ਬੇਬਾਕੀ ਨਾਲ ਬਿਅਨਦਾ ਹੈ, ਪਰ ਉਸਦੀਆਂ ਕਹਾਣੀਆਂ ਦੀ ਕੇਂਦਰੀ ਚੂਲ ਪੇਂਡੂ ਸਮਾਜ ਨਾਲ ਸਬੰਧਤ ਕਹਾਣੀਆਂ ਹੀ ਹਨ, ਜਿਨ੍ਹਾਂ ਵਿਚ ਪੰਜਾਬ ਤੇ ਪੇਂਡੂ ਅਰਥਚਾਰੇ ਵਿਚ ਜ਼ਮੀਨ ਦੀ ਅਸਾਵੀਂ ਵੰਡ, ਜੱਦੀ-ਪੁਸ਼ਤੀ ਕਿੱਤਾ, ਵਿੱਦਿਆ ਦਾ ਸੀਮਤ ਪਸਾਰ ਆਦਿ ਕਾਰਨਾਂ ਕਰਕੇ ਬਹੁਤ ਸਾਰੇ ਲੋਕਾਂ ਦਾ ਬੌਧਿਕ ਅਤੇ ਕਲਾਤਮਿਕ ਪੱਖ ਅਜਾਈ ਨਸ਼ਟ ਜਾਣ, ਪੰਜਾਬੀ ਸਭਿਆਚਾਰ ਵਿਚ ਉਪਜ ਕੇ ਪਰਵਾਨ ਚੜ੍ਹਦੇ ਅਤੇ ਨਿਸਫਲ ਹੁੰਦੇ ਇਸਤਰੀ ਪੁਰਸ਼ ਸਬੰਧ, ਉਲਾਰ ਕਾਮ ਪਰਵਿਰਤੀਆਂ ਅਧੀਨ ਹੁੰਦੇ ਕਤਲਾਂ, ਔਰਤ ਪ੍ਰਤੀ ਮਨੁੱਖ ਦੀ ਕਮਜ਼ੋਰੀ, ਭ੍ਰਿਸ਼ਟਾਚਾਰ, ਵਹਿਮ-ਭਰਮ, ਅੰਧ-ਵਿਸ਼ਵਾਸ, ਆਦਿ ਅਨੇਕ ਪਹਿਲੂ ਹਨ ਜੋ ਉਸ ਦੀ ਕਹਾਣੀ ਦੀ ਕੁੱਖ ਵਿਚ ਜਨਮ ਲੈਂਦੇ ਹਨ। ਭੰਡਾਰੀ ਇਸ ਪੱਖੋਂ ਚੇਤੰਨ ਹੈ ਕਿ ਸਾਡੇ ਸਮਾਜ ਦੀ ਤ੍ਰਾਸਦੀ ਦਾ ਕਾਰਣ ਨਿਰਾ ਅਮੀਰੀ ਗਰੀਬੀ ਹੀ ਨਹੀਂ ਹੈ ਸਗੋਂ ਇਸ ਦੇ ਨਾਲ ਇਨਸਾਨੀ ਰਿਸ਼ਤਿਆਂ ਦੀ ਜਟਿਲਤਾ ਵੀ ਹੈ। ਰਿਸ਼ਤਿਆਂ ਦਾ ਸੱਚ ਸਤਹਿ ਉਤੇ ਨਹੀਂ ਪਿਆ ਹੋਇਆ, ਜਦੋਂ ਇਸ ਸੱਚ ਦਾ ਪ੍ਰਕਾਸ਼ ਹੁੰਦਾ ਹੈ ਤਾਂ ਬੰਦਾ ਬੌਂਦਲ ਜਾਂਦਾ ਹੈ ਕਿ ਕਰੇ ਤਾਂ ਕੀ ਕਰੇ ?

ਮੋਹਨ ਭੰਡਾਰੀ ਦੀਆਂ ਕਹਾਣੀਆਂ ਦੇ ਇਸਤਰੀ ਪਾਤਰਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਤਾਂ ਉਹ ਜੋ ਜਾਗਰੁਕ ਜਾਂ ਚੇਤੰਨ ਨਹੀਂ ਹੋਏ, ਜਿਨਾਂ ਦੀ ਜ਼ਿੰਦਗੀ ਇਕੋ ਵੇਗ ਵਿਚ ਹੀ ਤੁਰੀ ਜਾ ਰਹੀ ਹੈ, ਜੋ ਜਮਾਤੀ ਚੇਤਨਾ ਤੋਂ ਉਣੇ ਹੋਣ ਕਰਕੇ ਗੁੰਝਲਾਂ ਨੂੰ ਸੁਲਝਾਉਣ ਤੋਂ ਅਸਮਰੱਥ ਹਨ। ਇਹ ਉਹ ਪਾਤਰ ਹਨ ਜੋ ਨਿਰਛਲ ਤੇ ਸਿਧ-ਪੱਧਰੇ ਹਨ, ਜੋ ਬਿਨਾਂ ਕਿਸੇ ਹੇਰ-ਫੇਰ ਦੇ ਆਪਣੇ ਅੰਦਰਲੇ ਨੂੰ ਇਕ ਦਮ ਬਾਹਰ ਉਲੱਦ ਦਿੰਦੇ ਹਨ ਜਿਵੇਂ ਕਹਣੀ

'ਬਾਕੀ ਸਭ ਸੁਖ-ਸਾਂਦ' ਦੀ ਬੇਬੇ ਚਿੱਠੀ ਵਿਚ ਆਪਣੇ ਬਾਰੇ ਦੁਖ ਦਰਦ ਲਿਖਾਉਣ ਤੋਂ ਬਾਅਦ ਵੀ ਕਹਾਣੀਕਾਰ ਨੂੰ ਕਹਿੰਦੀ ਹੈ ਕਿ ਲਿਖਦੇ ਪੁੱਤ ਬਾਕੀ ਸਭ ਸੁਖ-ਸਾਂਦ ਹੈ।

ਭੰਡਾਰੀ ਦੀਆਂ ਕਹਾਣੀਆਂ ਦੇ ਦੂਜੇ ਇਸਤਰੀ ਪਾਤਰ ਉਹ ਹਨ ਜੋ ਕਾਮੁਕ ਭਾਵਨਾਵਾਂ ਦੇ ਸ਼ਿਕਾਰ ਹੁੰਦੇ ਹਨ। ਮਰਦ ਪ੍ਰਧਾਨ ਸਮਾਜ ਵਿਚ ਰਹਿ ਕੇ ਉਸ ਦੀ ਅਧੀਨਗੀ ਵੀ ਸਵੀਕਾਰ ਕਰਨੀ ਪੈਂਦੀ ਹੈ, ਉਸਦੀ ਕਾਮੁਕ ਭੁੱਖ ਦੀ ਪੂਰਤੀ ਵੀ ਕਰਨੀ ਪੈਂਦੀ ਹੈ ਪਰ ਜਿਥੇ ਉਸ ਨਾਲ ਅਨਿਆਂ ਹੁੰਦਾ ਹੈ, ਧੱਕਾ ਹੁੰਦਾ ਹੈ ਤਾਂ ਉਹ ਵਿਰੋਧ ਵੀ ਕਰਦੀ ਹੈ ਤੇ ਸ਼ੀਹਣੀ ਦਾ ਰੂਪ ਵੀ ਧਾਰਨ ਕਰਦੀ ਹੈ।

ਕਹਾਣੀ 'ਗਿਲਾ' ਵਿਸ਼ੇ ਪੱਖੋਂ ਅਜਿਹੀ ਬਲਵਾਨ ਕਹਾਣੀ ਹੈ ਜਿਸ ਵਿਚ ਭੰਡਾਰੀ ਨੇ ਕਹਾਣੀ ਦੀ ਮੁੱਖ ਪਾਤਰ ਤਾਰੋ ਦੀ ਦਰਦਨਾਕ ਕਹਾਣੀ ਦਾ ਵਰਣਨ ਕਰਕੇ ਪੰਜਾਬ ਚ ਮੌਜੂਦਾ ਇਸਤਰੀਆਂ ਦੀ ਦੁਰਦਸ਼ਾ ਤੇ ਚਾਨਣਾ ਪਾਇਆ ਹੈ। ਤਾਰੋ ਵਰਗੀਆਂ ਕਿੰਨੀਆਂ ਹੀ ਔਰਤਾਂ ਹੋਣਗੀਆਂ ਜਿਨ੍ਹਾਂ ਨੂੰ ਸਾਰੀ ਜ਼ਿੰਦਗੀ ਜ਼ੁਲਮਾਂ ਨੂੰ ਸਹਿੰਦਿਆਂ ਗੁਜ਼ਾਰਨੀ ਪੈਂਦੀ ਹੈ। ਤਾਰੋ ਸਾਰੀ ਉਮਰ ਰਵਾਇਤੀ ਇਸਤਰੀ ਵਾਂਗ ਰਹਿੰਦੀ ਹੈ, ਉਸਦਾ ਬਾਪ ਸ਼ਰਾਬੀ ਹੋਣ ਕਾਰਣ ਉਸਨੂੰ ਵੇਚ ਦਿੰਦਾ ਹੈ, ਬਦਕਿਸਮਤੀ ਕਿ ਅੱਗੋਂ ਪਤੀ ਵੀ ਸ਼ਰਾਬੀ ਹੁੰਦਾ ਹੈ। ਉਦੋਂ ਤਾਂ ਉਹ ਸਾਰਾ ਜ਼ਬਰ ਸਹਾਰਦੀ ਰਹਿੰਦੀ ਹੈ ਪਰ ਜਦੋਂ ਅੱਗੋਂ ਉਸ ਦੀ ਧੀ ਬੀਬੋ ਨੂੰ ਵੇਚਿਆ ਜਾਂਦਾ ਹੈ ਤਾਂ ਤਾਰੋ ਸ਼ੀਹਣੀ ਦਾ ਰੂਪ ਧਾਰ ਲੈਂਦੀ ਹੈ ਤੇ ਚੰਨਣ ਨੂੰ ਕੇਸਾਂ ਤੋਂ ਫੜ੍ਹ ਕੇ ਘਸੀਟਦੀ ਹੈ, ਸੋ ਇਹ ਪਰਸਥਿਤੀਆਂ ਵਿੱਚੋਂ ਉਪਜੀ ਬਗਾਵਤ ਹੈ ਜੋ ਵਧਦੀ ਹੋਈ ਇਨਕਲਾਬ ਬਣ ਸਕਦੀ ਹੈ:-

> ਮੈਂ ਤੇਰੇ ਸੀਰਮੇ ਪੀ ਜਾਊਂ ਚੰਨਣ ਦਿਆ ਬੱਚਿਆ...............
> ਵੈਰੀਆ.......ਕਮੀਨਿਆਂ.....ਧੀਆਂ ਦੇ ਪੈਸੇ ਵੱਟ ਕੇ ਤੂੰ ਸ਼ਰਾਬ
> ਪੀਨੈਂ................ ਤੈਨੂੰ ਕੱਚੇ ਨੂੰ ਚੱਬ ਜਾਊਂ................ 1

"ਲੱਛਮੀ" ਕਹਾਣੀ ਵਿਚ ਲੱਛਮੀ ਦੀ ਮਨੋ ਸਥਿਤੀ ਬਿਆਨਕੇ ਸਮਾਜ ਵਿਚ ਫ਼ੈਲੇ ਔਰਤਾਂ ਪ੍ਰਤੀ ਵਿਭਚਾਰ ਦਾ ਵਰਣਨ ਕੀਤਾ ਹੈ। ਲੱਛਮੀ ਜੋ ਮਾੜਾ ਸਿੰਘ ਫ਼ੌਜੀ ਨਾਲ ਸਮਾਜਿਕ ਪ੍ਰਵਾਨਗੀ ਵਾਲਾ ਰਿਸ਼ਤਾ ਸਿਰਜਦੀ ਹੈ। ਮਾੜਾ ਸਿੰਘ ਦੀ ਮੰਦੀ ਆਰਥਿਕ ਹਾਲਤ ਦਾ ਪਤਾ ਲੱਗਣ ਤੋਂ ਪਹਿਲਾਂ ਉਹ ਨਿਰਾਸ਼ ਜ਼ਰੂਰ ਹੁੰਦੀ ਹੈ, ਬਾਅਦ ਵਿਚ ਪੂਰੀ ਇਮਾਨਦਾਰੀ ਨਾਲ ਉਸ ਪਿੰਡ ਦੇ ਲੋਕਾਂ ਨਾਲ, ਸਮਾਜ ਅਤੇ ਬੋਲੀ ਵਿਚ ਵਿਚਰਨਾ ਸ਼ੁਰੂ ਕਰ ਦਿੰਦੀ ਹੈ। ਜਦੋ ਮਾੜਾ ਸਿੰਘ ਦਾ ਚਚੇਰਾ ਭਰਾ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਉਸਦੇ ਢਿੱਡ ਵਿਚ ਗਾਤਰਾ ਮਾਰ ਦਿੰਦੀ ਹੈ ਤੇ ਬੋਲਦੀ ਹੈ :-

> ਤੂੰ ਕਮੀਨਿਆਂ, ਮੈਨੂੰ ਐਵੇਂ ਹੀ ਸਮਝ ਲਿਆ................ 2

ਮਨੁੱਖੀ ਰਿਸ਼ਤਿਆਂ ਅੰਦਰ ਔਰਤ ਦੀ ਸਥਿਤੀ ਨੂੰ ਅਪ੍ਰਵਾਨ ਕਰਨ ਤੇ ਜੋ ਮਨੋਸਥਿਤੀ ਔਰਤ ਦੀ ਮਾਨਸਿਕਤਾ ਵਿਚ ਪੈਦਾ ਹੁੰਦੀ ਹੈ, ਦਾ ਭਾਵੁਕ ਚਿਤਰਨ 'ਮੀਤੋ' ਕਹਾਣੀ ਵਿਚ ਪ੍ਰਤੱਖ ਨਜ਼ਰ ਆਉਂਦਾ ਹੈ। ਕਹਾਣੀ ਵਿਚਲਾ ਕਥਾ ਨਾਇਕ ਮੀਤੋ ਦੀ ਕੁੜੀ ਨਾਲ ਮੁਹੱਬਤ ਕਰਦਾ ਹੈ ਪਰ ਸਮਾਜ ਦੇ ਕਨੂੰਨ ਮੁਤਾਬਿਕ ਉਸ ਨੂੰ ਹਾਸਿਲ ਨਹੀਂ ਕਰ ਸਕਦਾ। ਮੀਤੋ ਦੀ ਮੌਤ ਹੋ ਜਾਂਦੀ ਹੈ। ਕਥਾ ਨਾਇਕ ਦੀ ਮਾਨਸਿਕ ਹਾਲਤ ਨੂੰ ਪੂਰਾ ਕਰਨ ਵਿਚ ਨਾਇਕਾ ਸਹਾਈ ਹੁੰਦੀ ਹੈ। ਕਥਾ ਨਾਇਕ ਦੂਰ ਚਲੇ ਜਾਣ ਤੇ ਉਸਨੂੰ ਰਿਸ਼ਤਿਆਂ ਵਿਚ ਆਪਣੀ ਹੋਂਦ ਅਸਵੀਕਾਰ ਹੋਣ ਦਾ ਪਤਾ ਚਲਦਾ ਹੈ, ਜਿਸ ਕਾਰਣ ਇਹ ਕੁੜੀ ਆਪ ਹੀ ਭਾਵੁਕ ਸੱਟ ਖਾ ਬੈਠਦੀ ਹੈ। ਨਾਇਕਾ ਆਪਣੀ ਹੋਂਦ ਪ੍ਰਤੀ ਚੇਤੰਨ ਹੈ। ਉਹ ਆਪਣੇ ਤੇ ਮੀਤੋ ਦੇ ਦੁੱਖ ਨੂੰ ਇਕੋ ਰੂਪ ਵਿਚ ਦੇਖਦੀ ਹੈ। ਇਹ ਸਾਂਝਾ ਰੂਪ ਹੀ ਔਰਤ ਦੀ ਸਥਿਤੀ ਨੂੰ ਮਰਦ ਤੇ ਸਮਾਜ ਦੋਹਾਂ ਵੱਲੋਂ ਘਟਾ ਕੇ ਵੇਖਿਆ ਜਾਣਾ ਹੈ:-

> ਅਸੀਂ ਤੀਵੀਆਂ ਵੀ ਕੁਥਾਂ ਮਿੱਟੀ ਦੀਆਂ ਬਣੀਆਂ ਹੋਈਆਂ ਹਾਂ।
> ਸਾਡਾ ਪਿੱਤਾ ਵੀ ਕਿੰਨਾ ਚੰਦਰਾ ਹੁੰਦਾ ਹੈ।
> ਇਕ ਦੇ ਹੰਢਾਏ ਦਰਦ ਨੂੰ ਦੂਜੀ ਹਿੱਕ ਚ ਸਾਂਭ ਕੇ ਰੱਖਦੀ ਹੈ।3
>
> ਆਦਮੀ ਕਿੰਨਾ ਬੇਕਦਰਾ ਹੁੰਦਾ ਹੈ।4

ਕਹਾਣੀ "ਮਾਵਾਂ-ਧੀਆਂ" ਵਿਚ ਵਾਸ਼ਨਾ ਤੇ ਇਸਤਰੀਤਵ ਵਿਚ ਟੱਕਰ ਦਿਖਾਈ ਗਈ ਹੈ। ਜਦੋਂ ਕਿ 'ਪਿੱਤਲ ਦੇ ਬਟਨ' ਕਹਾਣੀ ਵਿਚ ਮਨੁੱਖੀ ਜੀਵਨ ਵਿਚ ਇਸਤਰੀ ਇਕ ਵੱਡਾ ਖਲਾਅ ਅਤੇ ਮਰਦ ਦੀ ਕਮਜ਼ੋਰੀ ਹੈ। ਇਹਨਾ ਦੋਹਾਂ ਦਾ ਮਿਲਾਪ ' ਸੋਨੇ ਦੇ ਬਟਨ ' ਵਾਂਗ ਹੈ ਜਿਸ ਵਿਚ ਮਨੁੱਖ ਪਿੱਤਲ ਦੇ ਬਟਨ ਹਨ ਅਤੇ ਔਰਤਾਂ ਸੋਨੇ ਦਾ ਪਾਣੀ ਹਨ। ਦੋਵੇ ਮਿਲਦੇ ਹਨ ਤਾਂ 'ਸੋਨੇ ਦੇ ਬਟਨ' ਬਣਦੇ ਹਨ ਨਹੀਂ ਤਾਂ ਪਿੱਤਲ ਪਿੱਤਲ ਹੀ ਰਹਿ ਜਾਂਦਾ ਹੈ, ਸੋਨਾ, ਸੋਨਾ ਹੀ ਰਹਿ ਜਾਂਦਾ ਹੈ। ਇਸ ਕਹਾਣੀ ਵਿਚ ਵੈਲੀ ਜੱਟਾਂ ਦਾ ਚਰਿਤਰ ਉਹਨਾ ਦੀ ਮਾਰਕੇਬਾਜ਼ੀ ਅਤੇ ਹੈਂਕੜ ਦੀਆਂ ਆਦਤਾਂ ਨੂੰ ਚਿਤਰਿਆ ਗਿਆ ਹੈ। ਕਹਾਣੀ ਦਾ ਨਾਇਕ ਵੈਲੀ ਜੱਟ ਮਾਨ ਸਿੰਘ ਸ਼ਰਾਬ ਨਾਲ ਰੱਜਿਆ ਹੋਇਆ ਮੁੜ ਭਾਨੀ ਦੇ ਘਰ ਜਾਂਦਾ ਹੈ। ਉਸਦੀ ਬਾਂਹ ਫੜ੍ਹ ਕੇ ਕਹਿੰਦਾ ਹੈ :-

" ਭਾਨੀ ਡਰ ਨਾ ਸਹੁੰ ਗੁਰੂ ਦੀ ਤੈਨੂੰ ਕੁਸ਼ ਨੀ ਕਹਿੰਦਾ, ਆਹ ਕੇਰਾਂ ਮੇਰੇ ਸੋਨੇ......ਨਹੀਂ ਸੱਚ ਪਿੱਤਲ ਦੇ ਬਟਨ ਬੰਦ ਕਰੀਂ ਕੇਰਾਂ, ਸਾਲੇ ਐਂਵੇ ਖੁਲਦੇ ਜਾਂਦੇ ਨੇ.................।"5

ਸੋ ਮੋਹਨ ਭੰਡਾਰੀ ਪੰਜਾਬੀ ਕਹਾਣੀ ਜਗਤ ਦੇ ਨਵੇਂ ਪੋਚ ਦੇ ਉਨ੍ਹਾਂ ਕਹਾਣੀਕਾਰਾਂ ਵਿੱਚੋਂ ਇਕ ਹੈ, ਜਿਨ੍ਹਾਂ ਪੰਜਾਬੀ ਕਹਾਣੀ ਦੇ ਪਿੜ ਨੂੰ ਹੋਰ ਵੀ ਮੋਕਲਾ ਕੀਤਾ ਹੈ। ਭੰਡਾਰੀ ਮਾਲਵੇ ਤੇ ਪੇਂਡੂ ਸਭਿਆਚਾਰ ਦੀ ਬੜੀ ਬਰੀਕਬੀਨੀ ਨਾਲ ਤਸਵੀਰਕਸ਼ੀ ਕਰਦਾ ਹੈ।

ਕਹਾਣੀਕਾਰ ਮਾਲਵੇ ਦੇ ਪਿੰਡਾਂ ਦੇ ਮੱਧਵਰਗ ਦੇ ਲੋਕਾਂ ਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਲੈ ਕੇ ਉਨ੍ਹਾਂ ਦੇ ਜੀਵਨ ਦੀ ਮਾੜੀ ਹਾਲਤ ਨੂੰ ਇਉਂ ਬਿਆਨ ਕਰਦਾ ਹੈ ਜਿਵੇਂ ਸੱਚ-ਮੁੱਚ ਇਹ ਘਟਨਾ ਆਪਣੇ ਨਾਲ ਬੀਤ ਰਹੀ ਹੋਵੇ। ਭੰਡਾਰੀ ਇਸਤਰੀ ਨੂੰ ਆਪਣੀਆਂ ਕਹਾਣੀਆਂ ਵਿਚ ਆਪਣੇ ਹੱਕਾਂ ਪ੍ਰਤੀ ਚੇਤੰਨ ਹੋਣ ਨਹੀਂ ਵੰਗਾਰਦਾ ਹੈ ਜੋ ਲੋੜ ਪੈਣ ਤੇ ਮੱਥਾ ਵੀ ਲਾਉਂਦੀ ਹੈ, ਸ਼ੀਹਣੀ ਬਣਕੇ ਦਹਾੜਦੀ ਵੀ ਹੈ। ਕਹਾਣੀਕਾਰ ਇਸਤਰੀ ਦੀ ਬੇਕਦਰੀ ਦਾ ਕਾਰਣ ਮਰਦ ਨੂੰ ਹੀ ਮੰਨਦਾ ਹੈ।

ਕਹਾਣੀ 'ਤਾਇਆ ਮੈਂਗਲ' ਦਾ ਨਾਇਕ ਜੋ ਜਵਾਨੀ ਵਿਚ ਇਕ ਚੰਗਾ ਖਿਡਾਰੀ ਸੀ ਤੇ ਬਾਅਦ ਵਿਚ ਆਪਣੀ ਸਾਰੀ ਹੁਸ਼ਿਆਰੀ ਚੋਰੀਆਂ ਕਰਨ ਤੇ ਲੁੱਟਾਂ ਖੋਹਾਂ ਵਿਚ ਲਾ ਦੇਂਦਾ ਹੈ। ਇਥੋਂ ਤਕ ਕਿ ਹੁਣ ਉਹ ਲੋਕਾਂ ਦੀਆਂ ਜ਼ਨਾਨੀਆਂ ਵੀ ਚੋਰੀ ਕਰਵਾਉਂਦਾ ਹੈ, ਜਿਸ ਕਾਰਨ ਉਸਦੀ ਆਪਣੀ ਸ਼ਾਦੀ ਨਹੀਂ ਹੋ ਸਕੀ, ਪਰ ਬਾਅਦ ਵਿਚ ਉਹ ਮੁੱਲ ਦੀ ਤੀਵੀਂ ਲਿਆ ਕੇ ਆਪਣਾ ਘਰ ਵਸਾ ਲੈਂਦਾ ਹੈ। ਪਰ ਵਿਡੰਬਨਾ ਇਹ ਹੈ ਕਿ ਉਸਦੀ ਆਪਣੀ ਘਰ ਵਾਲੀ ਨੂੰ ਕੋਈ ਹੋਰ ਉਧਾਲ ਕੇ ਲੈ ਜਾਂਦਾ ਹੈ ਤਾਂ ਇਸ ਪੜਾਅ ਤੇ ਪਹੁੰਚ ਕੇ ਮੈਂਗਲ ਸੋਚਦਾ ਹੈ ਕਿ ਮਰਦ ਹੀ ਅਸਲ ਵਿਚ ਔਰਤ ਦੀ ਬਰਬਾਦੀ ਦਾ ਜ਼ਿੰਮੇਵਾਰ ਹੈ :-

"ਆਦਮੀ ਕਿੰਨਾ ਮਾੜਾ ਹੁੰਦਾ ਹੈ। ਉਹ ਤਾਂਬੋ ਵਰਗੀਆਂ ਜਨਾਨੀਆਂ ਜਿਹੜੀਆਂ ਸ਼ਰੀਫ ਘਰਾਂ ਚ, ਇਜ਼ਤਦਾਰਾਂ ਦੀਆਂ ਤੀਵੀਂਆਂ ਵਾਂਗ ਰਹਿ ਸਕਦੀਆਂ ਹਨ ਨੂੰ ਜੰਗਲੀ ਜੀਵਨ ਜਿਉਣ ਤੇ ਮਜ਼ਬੂਰ ਕਰ ਦਿੰਦਾ ਹੈ, ਫੁੱਲਾਂ ਵਰਗੀਆਂ ਤੀਵੀਂਆਂ ਡੈਣਾ ਅਖਵਾਉਂਦੀਆਂ ਹਨ ਸਿਰਫ ਆਦਮੀ ਦੀ ਮਿਹਰਬਾਨੀ ਨਾਲ।"6

ਮੋਹਨ ਭੰਡਾਰੀ ਦੇ ਪਾਤਰ ਆਪਣੇ ਸੰਕਟਾਂ ਦੀ ਜ਼ਿੰਮੇਵਾਰੀ ਆਪਣੇ ਆਪ ਤੇ ਚੁੱਕਦੇ ਹਨ ਜਾਂ ਸਮਾਜਿਕ ਸਿਸਟਮ ਤੇ ਸੁੱਟਦੇ ਹਨ, ਕਿਸੇ ਦੈਵੀ ਸੱਤਾ ਉਤੇ ਨਹੀਂ। ਉਹ ਗੁੱਸੇ ਹੋਕੇ ਕਿਸੇ ਦੇਵੀ ਜਾਂ ਰੱਬ ਨੂੰ ਬੁਰਾ ਨਹੀਂ ਆਖਦੇ, ਸਗੋਂ ਦੁਖੀ ਹੋ ਕੇ ਵੀ ਸੋਚਦੇ ਹਨ ਜਾਂ ਆਪਣੇ ਬੀਤੇ ਨੂੰ ਯਾਦ ਕਰਦੇ ਹਨ। ਇਹ ਤੱਥ ਭੰਡਾਰੀ ਦੀ ਆਪਣੀ ਦਾਰਸ਼ਨਿਕ ਡੂੰਘਾਈ ਦਾ ਸਬੂਤ ਹਨ।

## ਡਾ. ਕੇਸਰ ਸਿੰਘ ਕੇਸਰ ਅਨੁਸਾਰ

ਉਤਮ ਦਰਜੇ ਦੀ ਗਲਪ ਦੀ ਸਿਰਜਣਾ ਤੇ ਵਿਸ਼ੇਸ਼ ਕਰਕੇ ਪਾਤਰਾਂ ਦੇ ਕਿਰਦਾਰ ਦੀ ਰਚਨਾ ਉਹ ਗਲਪਕਾਰ ਹੀ ਕਰ ਸਕਦਾ ਹੈ ਜਿਸਦੇ ਕੋਲ ਜੀਵਨ ਦਾ ਨਿਰਾ ਅਨੁਭਵ ਹੀ ਨਹੀਂ ਸਗੋਂ ਜੀਵਨ ਦਾ ਚਿੰਤਨ ਵੀ ਹੈ। ਗੰਭੀਰ ਤੇ ਚਿੰਤਕਸ਼ੀਲ ਪਾਤਰਾਂ ਦੀ ਸਿਰਜਣਾ ਇਸ ਗੱਲ ਦਾ ਸਬੂਤ ਹੈ ਕਿ ਭੰਡਾਰੀ ਜੀਵਨ ਨੂੰ ਉਪਰੋਂ-ਉਪਰੋਂ ਚਿਤਰਦਾ ਹੀ ਨਹੀਂ, ਉਸ ਦੀਆਂ ਅੰਦਰੂਨੀ ਤਹਿਆਂ ਦੀ ਸਮਝ ਵੀ ਦਿੰਦਾ ਹੈ।7

ਸੋ ਸਮੁੱਚੇ ਰੂਪ ਵਿਚ ਅਸੀਂ ਆਖ ਸਕਦੇ ਹਾਂ ਕਿ ਮੋਹਨ ਭੰਡਾਰੀ ਜਿਸਨੇ ਆਪਣੀਆਂ ਕਹਾਣੀਆਂ ਵਿਚ ਪੇਂਡੂ ਲੋਕਾਂ ਦੇ ਭੋਲੇ-ਭਾਲੇ ਕਿਰਦਾਰ ਕਾਰਨ ਉਨ੍ਹਾਂ ਨੂੰ ਵਹਿਮਾ-ਭਰਮਾਂ ਵਿਚ ਫ਼ਸੇ ਦਿਖਾਇਆ ਹੈ, ਜਿਨ੍ਹਾਂ ਚੋਂ ਨਿਕਲਣ ਨਹੀਂ ਉਹ ਕਈ ਦੇਸੀ ਔੜ-ਪਹੁੜ ਵੀ ਕਰਦੇ ਹਨ ਉਥੇ ਉਸਨੇ ਸ਼ਹਿਰੀ ਬਾਬੂਆਂ ਦੇ ਦੋਹਰੇ ਕਿਰਦਾਰ ਨੂੰ ਵੀ ਨੰਗਿਆਂ ਕੀਤਾ ਹੈ। ਕਹਾਣੀਕਾਰ ਸਮਾਜ ਦੇ ਲੋਟੂ ਟੋਲੇ ਦੀ ਪਛਾਣ ਵੀ ਬੜੀ ਬੇਬਾਕੀ ਨਾਲ ਕਰਵਾਉਂਦਾ ਹੈ। ਭੰਡਾਰੀ ਜੇਕਰ ਆਪਣੀ ਕਹਾਣੀ ਵਿਚ ਪਿਛਲੇ ਦਹਾਕਿਆਂ ਵਿਚ ਪੈਦਾ ਹੋਏ ਪੰਜਾਬ ਸੰਕਟ ਦੇ ਕਾਰਨਾ, ਤੇ ਪ੍ਰਭਾਵਾ ਦੀ ਵਿਆਖਿਆ ਕਰਦਾ ਹੈ ਤਾਂ ਉਹ ਹਜ਼ਾਰਾ ਸਾਲਾਂ ਤੋ ਚਲੇ ਆ ਰਹੇ ਔਰਤ ਪ੍ਰਤੀ ਮਨੁੱਖ ਦੇ ਕਾਮੁਕ ਨਜ਼ਰੀਏ ਤੋ ਵੀ ਅਭਿੱਜ ਨਹੀਂ ਰਹਿੰਦਾ। ਉਹ ਜਾਣਦਾ ਹੈ ਕਿ ਮਰਦ ਨੇ ਹਮੇਸ਼ਾਂ ਔਰਤ ਨੂੰ ਕੇਵਲ ਤੇ ਕੇਵਲ ਭੋਗਣ ਦੀ ਵਸਤੂ ਹੀ ਸਮਝਿਆ ਹੈ ਤੇ ਆਪਣੀ

ਸੰਕੀਰਨ ਸੋਚ ਸਦਕਾ ਉਸਨੂੰ ਬਰਬਾਦੀ ਦੇ ਰਾਹ ਹੀ ਤੋਰਿਆ ਹੈ। ਹੁਣ ਜਦੋਂ ਔਰਤ ਆਪਣੇ ਆਪ ਪ੍ਰਤੀ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੁਕ ਹੋ ਗਈ ਹੈ ਤਾਂ ਹੁਣ ਉਹ ਅਬਲਾ ਨਹੀਂ ਸਗੋਂ ਚੰਡੀ ਰੂਪ ਵਿਚ ਪਰਵਰਤਿਤ ਹੋ ਗਈ ਹੈ ਤੇ ਆਪਣੀ ਲੜਾਈ ਆਪ ਲੜਦੀ ਹੈ। ਜਿਸਦਾ ਬਿਰਤਾਂਤ ਲੇਖਕ ਆਪਣੀ ਕਹਾਣੀ ਵਿਚ ਬੜੇ ਪ੍ਰਭਾਵਪੁਰਣ ਤਰੀਕੇ/ਰੂਪ ਵਿਚ ਸਿਰਜਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਮੋਹਨ ਭੰਡਾਰੀ, ਕਾਠ ਦੀ ਲੱਤ ਪੰਨਾ 79
2. ਉਹੀ, ਪਛਾਣ ਪੰਨਾ 49
3. ਉਹੀ, ਕਾਠ ਦੀ ਲੱਤ ਪੰਨਾ 25
4. ਉਹੀ, ਪੰਨਾ 27
5. ਉਹੀ, ਮਨੁੱਖ ਦੀ ਪੌੜ ਪੰਨਾ 1
6. ਉਹੀ, ਤਿਲਚੋਲੀ ਪੰਨਾ 11
7. ਕੇਸਰ ਸਿੰਘ : ਪ੍ਰਮੀਤਕ ਯਥਾਰਥਵਾਦ ਦਾ ਕਹਾਣੀਕਾਰ ਅਣਛਪੇ ਲੇਖ ਵਿੱਚੋਂ ਉਪਰਿਤ ਪੰਜਾਬੀ ਕਹਾਣੀ ਵਿਚ ਮੋਹਨ ਭੰਡਾਰੀ ਦਾ ਸਥਾਨ ਲੇਖਕ ਇੰਦਰਜੀਤ ਕੌਰ ਤੰਗੂ ਪੰਨਾ 78